



www.punjabilibrary.com

# ਪੰਖੇਰੂ

(ਬਾਲ ਗੀਤ)

ਲੇਖਕ
ਅਮਰਪ੍ਰੀਤ ਸਿੰਘ ਝੀਤਾ

ਹਜ਼ੂਰੀਆਂ ਐਂਡ ਸੰਨਜ਼
ਚੌਂਕ ਅੱਡਾ ਟਾਂਡਾ, ਜਲੰਧਰ



www.punjabilibrary.com

# PANKHEROO

(BAAL GEET)

**AMARPREET SINGH JHITA**
VPO. NANGAL AMBIA
TEHSIL SHAHKOT (JALANDHAR)
MOBILE: 97791-91447
E-Mail: net4jhita@gmail.com

**© ਸਭ ਹੱਕ ਲੇਖਕ ਕੋਲ ਰਾਖਵੇਂ ਹਨ।**

**ਪ੍ਰਕਾਸ਼ਕ : ਹਜ਼ੂਰੀਆਂ ਐਂਡ ਸੰਨਜ਼, ਜਲੰਧਰ।**

**ਛਾਪਕ : ਪ੍ਰੀਤਮ ਜੋਤ ਪ੍ਰਿੰਟਿੰਗ ਪ੍ਰੈੱਸ,ਜਲੰਧਰ।**

**ਪਹਿਲੀ ਵਾਰ : 2018**

**ਮੁੱਲ : 80/-**



www.punjabilibrary.com

# ਮੇਰੇ ਵੱਲੋਂ......

ਕਿਤਾਬਾਂ ਸਾਡੀਆਂ ਸੱਚੀਆਂ ਮਿੱਤਰ ਹਨ।ਜਿਸ ਇਨਸਾਨ ਦੀ ਕਿਤਾਬਾਂ ਨਾਲ ਦੋਸਤੀ ਪੈ ਜਾਂਦੀ ਹੈ,ਉਹ ਕਦੇ ਵੀ ਆਪਣੇ ਆਪ ਨੂੰ ਇੱਕਲਾ ਮਹਿਸੂਸ ਨਹੀਂ ਕਰਦਾ।ਸੁੱਖ-ਦੁੱਖ,ਹਰ ਮੌਕੇ ਕਿਤਾਬਾਂ ਸਾਨੂੰ ਹੌਸਲਾ ਦਿੰਦੀਆਂ ਹਨ।ਹਰ ਕੌਮ ਦਾ ਅਣਮੋਲ ਸਰਮਾਇਆ ਅਸਲ ਵਿੱਚ ਕਿਤਾਬਾਂ ਹੀ ਹਨ।ਕਿਉਂਕਿ ਇਹ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ ਅਤੇ ਸਾਨੂੰ ਸਾਡੇ ਵਿਰਸੇ ਨਾਲ ਜੋੜਦੀਆਂ ਹਨ।

ਮੈਂ ਆਪਣੇ ਪਾਠਕਾਂ ਦਾ ਬਹੁਤ ਹੀ ਧੰਨਵਾਦੀ ਹਾਂ, ਜਿਹਨਾਂ ਮੇਰੀ ਪਲੇਠੀ ਬਾਲ ਪੁਸਤਕ '**ਬੀਬੇ-ਰਾਣੇ**' ਨੂੰ ਅਥਾਹ ਪਿਆਰ ਬਖਸ਼ਿਆ ਅਤੇ ਬੱਚਿਆਂ ਲਈ ਜਾਣਕਾਰੀ ਭਰਪੂਰ ਹੋਰ ਸਾਹਿਤ ਸਿਰਜਣ ਲਈ ਪ੍ਰੇਰਿਆ।

ਬਾਲ ਗੀਤਾਂ ਦੀ ਦੂਜੀ ਪੁਸਤਕ '**ਪੰਖੇਰੂ**' ਆਪ ਜੀ ਦੇ ਸਨਮੁੱਖ ਕਰਕੇ ਬਹੁਤ ਖੁਸ਼ ਹਾਂ।ਸਾਡੇ ਘਰਾਂ ਦੀ ਰੌਣਕ, ਸਾਡੇ ਬਾਲ ਵੀ ਪੰਖੇਰੂ (ਪੰਛੀ) ਹੀ ਹਨ, ਜੋ ਆਪਣੀ ਕਲਪਨਾ ਸ਼ਕਤੀ ਨਾਲ ਉੱਚੇ ਅੰਬਰ ਵਿੱਚ ਉਡਾਰੀ ਲਗਾਉਂਦੇ ਰਹਿੰਦੇ ਹਨ।ਇਸ ਪੁਸਤਕ ਵਿਚਲੇ ਬਾਲ ਗੀਤ ਬੱਚਿਆਂ ਨੂੰ ਮਾਂ-ਬੋਲੀ ਪੰਜਾਬੀ ਨਾਲ ਜੋੜਨ ਦੇ ਨਾਲ-ਨਾਲ ਵੱਖ-ਵੱਖ ਤੱਥਾਂ ਨੂੰ ਸਿੱਖਣ, ਸਮਝਣ ਵਿੱਚ ਮਦਦਗਾਰ ਹੋਣਗੇ।ਇਹਨਾਂ ਬਾਲ ਗੀਤਾਂ ਰਾਹੀਂ ਸਾਡੇ ਅਲੋਪ ਹੋ ਰਹੇ ਵਿਰਸੇ ਬਾਰੇ ਵੀ ਦੱਸਣ ਦਾ ਸਾਰਥਕ ਉਪਰਾਲਾ ਕੀਤਾ ਗਿਆ ਹੈ।ਤੁਹਾਡੇ ਬੇਸ਼-ਕੀਮਤੀ ਸੁਝਾਵਾਂ ਦੀ ਉਡੀਕ ਵਿੱਚ...

ਤੁਹਾਡਾ ਆਪਣਾ,

**ਅਮਰਪ੍ਰੀਤ ਸਿੰਘ ਝੀਤਾ**
ਬੀ.ਐਸ.ਸੀ.(ਇਕਨਾਮਿਕਸ),ਬੀ.ਐਡ.,ਐੱਮ.ਏ.(ਇਕਨਾਮਿਕਸ)
ਪਿੰਡ ਤੇ ਡਾਕਖ਼ਾਨਾ - ਨੰਗਲ ਅੰਬੀਆ
ਤਹਿਸੀਲ - ਸ਼ਾਹਕੋਟ
ਜ਼ਿਲ੍ਹਾ - ਜਲੰਧਰ
ਪੰਜਾਬ - 144703
ਮੋਬਾਈਲ - 9779191447
**E-Mail** – net4jhita@gmail.com



www.punjabilibrary.com

# ਤਤਕਰਾ



1 ਸੇਬ........................................................ 5
2 ਸ਼ਹਿਦ ਦੀ ਮੱਖੀ ............................................ 6
3 ਸਤਰੰਗੀ ਪੀਂਘ.............................................. 7
4 ਸਾਈਕਲ ................................................... 8
5 ਮਾਰੂਥਲ ਦਾ ਜਹਾਜ਼....................................... 9
6 ਲੋਰੀ ...................................................... 10
7 ਛਣਕਣਾ ................................................... 11
8 ਤਿਕੋਣ ..................................................... 12
9 ਆਵਾਜਾਈ ਦੇ ਚਿੰਨ੍ਹ ..................................... 13
10 ਮਿੱਠੂ ..................................................... 14
11 ਰੱਖੋ ਸਫ਼ਾਈ ............................................ 15
12 ਜਲ ਚੱਕਰ ............................................... 16
13 ਫੁਲਕਾਰੀ ................................................ 17
14 ਡਾਕੀਆ.................................................... 18
15 ਰੁੱਖ ਲਗਾਈਏ ........................................... 19
16 ਨਾਨਕੇ ਘਰ ............................................. 21
17 ਸਾਕ-ਸੰਬੰਧੀ............................................ 23
18 ਪੇਂਡੂ ਖੇਡਾਂ............................................... 25
19 ਪੰਛੀ ...................................................... 27
20 ਪਾਣੀ ..................................................... 29
21 ਚਿੜੀ-ਕਾਂ ................................................ 31





www.punjabilibrary.com

# 1 ਸੇਬ



ਲਾਲ ਰੰਗ ਦੇ ਸੇਬ ਸਵਾਦੀ।
ਕੱਟ ਕੇ ਦਿੰਦੀ ਮੇਰੀ ਦਾਦੀ।
ਜਿਹੜਾ ਰੋਜ਼ ਸੇਬ ਹੈ ਖਾਂਦਾ।
ਬਚ ਬਿਮਾਰੀਆਂ ਤੋਂ ਹੈ ਜਾਂਦਾ।
ਬੱਚਿਓ! ਤੁਸੀਂ ਵੀ ਸੇਬ ਖਾਓ।
ਸਰੀਰ ਆਪਣਾ ਨਿਰੋਗ ਬਣਾਓ।



www.punjabilibrary.com

# 2 ਸ਼ਹਿਦ ਦੀ ਮੱਖੀ



ਸ਼ਹਿਦ ਦੀ ਮੱਖੀ ਉੱਡਦੀ ਜਾਵੇ।
ਫੁੱਲਾਂ ਦਾ ਰਸ ਚੂਸ ਮੁੜ ਆਵੇ।
ਨਿੰਮ ਦੇ ਉੱਤੇ ਬਣਾਇਆ ਛੱਤਾ।
ਕਰਦੀ ਰਹਿੰਦੀ ਸ਼ਹਿਦ ਇਕੱਠਾ।
ਛੱਤੇ 'ਚ ਮੱਖੀਆਂ ਕਈ ਹਜ਼ਾਰ।
ਫੁੱਲਾਂ 'ਤੇ ਬੈਠਣ ਕਿੰਨੀ ਵਾਰ।
ਜਿਹੜਾ ਕਰਦਾ ਇਸ ਨੂੰ ਤੰਗ।
ਝੱਟ ਮਾਰ ਦਿੰਦੀ ਇਹ ਡੰਗ।
ਮਿੱਠਾ ਸ਼ਹਿਦ ਬੜਾ ਗੁਣਕਾਰੀ।
ਮੱਖੀ ਕਰਦੀ ਮਿਹਨਤ ਭਾਰੀ।



www.punjabilibrary.com

# 3 ਸਤਰੰਗੀ ਪੀਂਘ




ਜਦ ਅਸਮਾਨੀਂ ਬੱਦਲ ਆਉਂਦੇ।
ਛਮ-ਛਮ ਕਰ ਮੀਂਹ ਵਰਸਾਉਂਦੇ।
ਵਾਯੂਮੰਡਲ ਵਿੱਚ ਬੂੰਦਾਂ ਰਹਿ ਜਾਣ।
ਸੂਰਜ ਦੀਆਂ ਕਿਰਨਾਂ ਰੰਗ ਦਿਖਾਣ।
ਸੂਰਜ ਵੱਲ ਕਰ ਪਿੱਠ ਖੜ੍ਹ ਜਾਉ।
ਸਤਰੰਗੀ ਪੀਂਘ ਫਿਰ ਦੇਖ ਪਾਉ।
ਚਾਪ ਆਕਾਰੀ ਬਣ ਜਾਂਦੀ ਪੀਂਘ।
ਹਰ ਕੋਈ ਤੱਕੇ ਲਾ ਕੇ ਨੀਝ।
ਜਾਮਨੀ, ਬੈਂਗਣੀ ਤੇ ਰੰਗ ਨੀਲਾ।
ਲਾਲ, ਸੰਤਰੀ, ਹਰਾ ਤੇ ਪੀਲਾ।
ਸਤਰੰਗੀ ਪੀਂਘ ਲੱਗੇ ਬੜੀ ਸੋਹਣੀ।
ਹਰ ਇੱਕ ਦੇ ਮਨ ਨੂੰ ਮੋਹਣੀ।



www.punjabilibrary.com

# 4 ਸਾਈਕਲ




ਮੇਰਾ ਸਾਈਕਲ ਬੜਾ ਪਿਆਰਾ।
ਇਸ 'ਤੇ ਘੁੰਮਾਂ ਮੈਂ ਪਿੰਡ ਸਾਰਾ।
ਟ੍ਰੰਨ-ਟ੍ਰੰਨ ਕਰਕੇ ਘੰਟੀ ਵੱਜੇ।
ਚਲਾਵਾਂ ਦੇਖ ਕੇ ਖੱਬੇ-ਸੱਜੇ।
ਨਿੱਤ ਸਕੂਲੇ ਇਸ 'ਤੇ ਜਾਵਾਂ।
ਹਰ ਮੋੜ 'ਤੇ ਘੰਟੀ ਵਜਾਵਾਂ।
ਪਿਛਲੀ ਸੀਟ 'ਤੇ ਰੱਖਾਂ ਬਸਤਾ।
ਆਵਾਜਾਈ ਦਾ ਸਾਧਨ ਸਸਤਾ।
ਹੈਂਡਲ ਦੇ ਨਾਲ ਟੋਕਰੀ ਲੱਗੀ।
ਰੋਟੀ ਵਾਲੀ ਰੱਖਾਂ ਵਿੱਚ ਡੱਬੀ।
ਸਮੇਂ ਸਿਰ ਸਕੂਲ ਪੁੱਜ ਜਾਵਾਂ।
ਬੜੇ ਧਿਆਨ ਨਾਲ ਚਲਾਵਾਂ।



www.punjabilibrary.com

# 5 ਮਾਰੂਥਲ ਦਾ ਜਹਾਜ਼



ਭੂਰਾ - ਭੂਰਾ ਇਸਦਾ ਰੰਗ।
ਗਰਮੀ ਵਿੱਚ ਨਾ ਹੋਵੇ ਤੰਗ।
ਇਸਦੀਆਂ ਲੰਮੀਆਂ ਲੱਤਾਂ ਚਾਰ।
ਪਿੱਠ 'ਤੇ ਬਣਿਆ ਇੱਕ ਪਹਾੜ।
ਰੇਤਾ ਉੱਤੇ ਤੁਰਦਾ ਜਾਏ।
ਮਾਰੂਥਲ ਦਾ ਜਹਾਜ਼ ਕਹਾਏ।
ਮੰਜ਼ਿਲ ਤੱਕ ਪਹੁੰਚਾਉਂਦਾ ਹੈ।
ਕਿਹੜਾ ਜੀਵ ਕਹਾਉਂਦਾ ਹੈ?



www.punjabilibrary.com

# 6 ਲੋਰੀ



ਸੌਂ ਜਾ ਮੇਰੇ ਰਾਜ ਦੁਲਾਰੇ।
ਮੇਰੀ ਅੱਖੀਆਂ ਦੇ ਤਾਰੇ।
ਨੀਂਦ ਰਾਣੀ ਆਈ ਹੈ।
ਬਾਤ ਤੈਨੂੰ ਸੁਣਾਈ ਹੈ।
ਪਰੀਆਂ ਗੀਤ ਗਾਉਂਦੀਆਂ।
ਕਾਕੇ ਨੂੰ ਖਿਡਾਉਂਦੀਆਂ।
ਨਿਕਲ ਆਏ ਨੇ ਤਾਰੇ।
ਟਿਮ-ਟਿਮ ਚਮਕਣ ਸਾਰੇ।
ਚੰਦਾ ਮਾਮਾ ਆਇਆ ਹੈ।
ਗੁੱਗੂ ਦੇਖ ਮੁਸਕਰਾਇਆ ਹੈ।
ਹੁਣ ਪੈ ਚੱਲੀ ਰਾਤ ਏ।
ਮੁੱਕ ਗਈ ਮੇਰੀ ਬਾਤ ਏ।



www.punjabilibrary.com

# 7 ਛਣਕਣਾ



ਮਾਮਾ ਜੀ ਘਰ ਸਾਡੇ ਆਏ।

ਮੁੰਨ੍ਹੇ ਲਈ ਛਣਕਣਾ ਲਿਆਏ।

ਲਾਲ ਤੇ ਪੀਲਾ ਇਸਦਾ ਰੰਗ।

ਸਭ ਨੂੰ ਆਇਆ ਬੜਾ ਪਸੰਦ।

ਜਦ ਮੁੰਨੇ ਨੂੰ ਅਸੀਂ ਫੜਾਇਆ।

ਛਣ-ਛਣ ਕਰ ਉਸ ਹਿਲਾਇਆ।

ਛਣਕਣਾ ਮੁੰਨ੍ਹਾ ਵਜਾਈ ਜਾਵੇ।

ਨਾਲ-ਨਾਲ ਮੁਸਕਰਾਈ ਜਾਵੇ।


ਬੱਚਿਆਂ ਦਾ ਮਨਪਸੰਦ ਖਿਡੌਣਾ।

ਇਸਦੇ ਤੁੱਲ ਕੋਈ ਹੋਰ ਨਾ ਹੋਣਾ।



www.punjabilibrary.com

# 8 ਤਿਕੋਣ



ਆਓ ਬੱਚਿਓ! ਗੱਲ ਸਮਝਾਵਾਂ।


ਤਿਕੋਣ ਦੀਆਂ ਨੇ ਤਿੰਨ ਭੁਜਾਵਾਂ।

ਤਿੰਨੋਂ ਖੂੰਜੇ ਸਿਖਰ ਕਹਾਉਂਦੇ।

ਤਿੰਨ ਕੋਣ ਵੀ ਇਹ ਬਣਾਉਂਦੇ।

ਜੋੜ ਕੋਣਾਂ ਦਾ ਇੱਕ ਸੌ ਅੱਸੀ।

ਸਭ ਨੂੰ ਗੱਲ ਮੈਂ ਇਹ ਦੱਸੀ।




$$a + b + c = 180^\circ$$



www.punjabilibrary.com

# 9 ਆਵਾਜਾਈ ਦੇ ਚਿੰਨ੍ਹ





ਜਦ ਵੀ ਸੜਕ ਉੱਤੇ ਆਈਏ।
ਆਵਾਜਾਈ ਚਿੰਨ੍ਹ ਦੇਖੀ ਜਾਈਏ।
ਨਿਯਮਿਤ ਚਿੰਨ੍ਹ ਹੋਣ ਗੋਲ ਆਕਾਰੀ।
ਲਾਲ ਰੰਗ ਦੀ ਹੋਵੇ ਪੱਟੀ ਮਾਰੀ।
ਉਸ ਕੰਮ ਦੀ ਕਰਨ ਮਨਾਹੀ।
ਜਿਸ ਦੀ ਉੱਤੇ ਤਸਵੀਰ ਬਣਾਹੀ।
ਚਿਤਾਵਨੀ ਚਿੰਨ੍ਹ ਹੁੰਦੇ ਵਾਂਗ ਤਿਕੋਣ।
ਤੰਗ ਪੁੱਲ,ਫਾਟਕ ਬਾਰੇ ਦੱਸਦੇ ਹੋਣ।
ਆਇਤਾਕਾਰੀ ਸੂਚਨਾਤਮਿਕ ਚਿੰਨ੍ਹ।
ਦੋਨਾਂ ਚਿੰਨ੍ਹਾਂ ਤੋਂ ਇਹ ਭਿੰਨ।
ਪਿੰਡ, ਸ਼ਹਿਰ ਦੀ ਦੱਸਦੇ ਦੂਰੀ।
ਹਸਪਤਾਲ,ਪੰਪ ਦੀ ਕਰਨ ਮਸ਼ਹੂਰੀ।
ਚਿੰਨ੍ਹਾਂ ਦੀ ਪਾਲਣਾ ਕਰਦੇ ਜਾਉ।
ਆਪਣੀ ਯਾਤਰਾ ਸਫ਼ਲ ਬਣਾਉ।



www.punjabilibrary.com

# 10 ਮਿੱਠੂ



ਤੋਤੇ ਮੇਰੇ ਦਾ ਮਿੱਠੂ ਨਾਂ।
ਬੜਾ ਪਿਆਰ ਉਸਨੂੰ ਕਰਾਂ।
ਹਰਾ-ਹਰਾ ਹੈ ਉਸਦਾ ਰੰਗ।
ਟੈਂ-ਟੈਂ ਲਾਈ ਰੱਖੇ ਹਰਦਮ।
ਸਾਂਗ ਸਾਡੀ ਲਗਾਉਂਦਾ ਹੈ।
ਗੱਲਾਂ ਕਈ ਸੁਣਾਉਂਦਾ ਹੈ।
ਗਲ ਉਸਦੇ ਗਾਨੀ ਕਾਲੀ।
ਲਾਲ ਚੁੰਝ ਹੈ ਦੇਖਣ ਵਾਲੀ।
ਹਰੀਆਂ ਮਿਰਚਾਂ ਕਰੇ ਪਸੰਦ।
ਪਿੰਜਰੇ ਵਿੱਚ ਕਰਾਂ ਨਾ ਬੰਦ।
ਖੁੱਲ੍ਹੀ ਹਵਾ 'ਚ ਉਡਾਰੀ ਲਾਏ।
ਆਥਣ ਵੇਲੇ ਘਰ ਮੁੜ ਆਏ।



www.punjabilibrary.com

# 11 ਰੱਖੋ ਸਫ਼ਾਈ



ਆਲੇ-ਦੁਆਲੇ ਦੀ ਰੱਖੋ ਸਫ਼ਾਈ।
ਸਭ ਦੀ ਇਸੇ ਵਿੱਚ ਭਲਾਈ।
ਕੂੜਾ ਕੂੜੇਦਾਨ ਵਿੱਚ ਪਾਈਏ।
ਨਾਲੀ ਵਿੱਚ ਨਾ ਸੁੱਟਦੇ ਜਾਈਏ।
ਨਹੀਂ ਤਾਂ ਪਾਣੀ ਖੜ੍ਹ ਜਾਊ।
ਮੱਛਰ ਫਿਰ ਕੱਟਣ ਨੂੰ ਆਊ।
ਬਿਮਾਰੀਆਂ ਨੂੰ ਕਿਉਂ ਸੱਦਾ ਦੇਈਏ?
ਗਲੀ,ਮੁਹੱਲਾ ਸਾਫ਼ ਕਰਦੇ ਰਹੀਏ।
ਸਿਹਤਮੰਦ ਜੇ ਚਾਹੁੰਦੇ ਰਹਿਣਾ।
ਰੱਖੋ ਸਫ਼ਾਈ, ਮੰਨੋ ਮੇਰਾ ਕਹਿਣਾ।



www.punjabilibrary.com

# 12 ਜਲ ਚੱਕਰ



ਛੱਪੜ,ਸਮੁੰਦਰ,ਨਦੀਆਂ ਦਾ ਪਾਣੀ।

ਭਾਫ਼ ਬਣੇ ਜਦ ਪੈਂਦੀ ਧੁੱਪ ਰਾਣੀ।

ਵਿੱਚ ਅਸਮਾਨੀਂ ਭਾਫ਼ ਉੱਡ ਜਾਏ।

ਠੰਡੀ ਹਵਾ ਨਿੱਕੀ ਬੂੰਦ ਬਣਾਏ।

ਨਿੱਕੀਆਂ ਬੂੰਦਾਂ ਰਲ ਕੱਠੀਆਂ ਹੋਣ।

ਫਿਰ ਚਿੱਟੇ,ਕਾਲੇ ਬੱਦਲ ਬਣਾਉਣ।

ਜਦ ਅਸਮਾਨੀਂ ਬੱਦਲ ਆਉਂਦੇ।

ਛਮ-ਛਮ ਕਰ ਮੀਂਹ ਵਰਸਾਉਂਦੇ।

ਪਾਣੀ ਛੱਪੜ, ਸਮੁੰਦਰ 'ਚ ਆਏ।

ਇਹ ਪ੍ਰਕਿਰਿਆ ਜਲ ਚੱਕਰ ਕਹਾਏ।



www.punjabilibrary.com

# 13 ਫੁਲਕਾਰੀ



ਦਾਦੀ ਮਾਂ ਨੇ ਚਰਖਾ ਡਾਹਿਆ।
ਰੂੰ ਕੱਤ ਕੇ ਸੂਤ ਬਣਾਇਆ।
ਵੱਖ-ਵੱਖ ਰੰਗ ਦੇ ਰੰਗੇ ਪੱਟ।
ਚਾਦਰ ਬੁਣ ਲਈ ਝੱਟ-ਪੱਟ।
ਰੇਸ਼ਮੀ ਧਾਗੇ ਦੀ ਕੱਢੀ ਕਢਾਈ।
ਫੁੱਲ, ਬੂਟੇ ਪਾ ਕੇ ਖ਼ੂਬ ਸਜਾਈ।
ਰੀਝਾਂ ਨਾਲ ਕੱਢੀ ਫੁਲਕਾਰੀ।
ਵਰਤੇ ਇਸਨੂੰ ਦੁਨੀਆਂ ਸਾਰੀ।
ਕਢਾਈ ਇਸਦੀ ਬੜੀ ਹੀ ਸੋਹਣੀ।
ਸਭ ਕੁੜੀਆਂ ਦੇ ਮਨ ਨੂੰ ਮੋਹਣੀ।





www.punjabilibrary.com

# 14 ਡਾਕੀਆ



ਜਦੋਂ ਡਾਕੀਆ ਅੰਕਲ ਆਉਂਦੇ।
ਚਿੱਠੀ-ਪੱਤਰ ਕੋਈ ਲਿਆਉਂਦੇ।
ਨੇੜੇ ਹੋਵੇ ਜਾਂ ਕੋਈ ਦੂਰ।
ਚਿੱਠੀ ਦਿੰਦੇ ਇਹ ਜ਼ਰੂਰ।
ਦੇਸ਼-ਵਿਦੇਸ਼ ਵਿੱਚ ਚਿੱਠੀ ਜਾਏ।
ਘਰ ਦਾ ਸੁੱਖ ਸੁਨੇਹਾ ਪਹੁੰਚਾਏ।
ਜਿਸਨੂੰ ਪੜ੍ਹਨਾ-ਲਿਖਣਾ ਆਏ।
ਉਹ ਹੀ ਚਿੱਠੀ ਲਿਖ ਪਾਏ।
ਚਾਹੇ ਗਰਮੀ ਜਾਂ ਹੋਵੇ ਠੰਢ।
ਚਿੱਠੀ ਦਾ ਇਹ ਕਰਨ ਪ੍ਰਬੰਧ।
ਡਾਕੀਆ ਅੰਕਲ! ਜਲਦੀ ਆਉਣਾ।
ਚਿੱਠੀ ਮੇਰੇ ਲਈ ਲਿਆਉਣਾ।



www.punjabilibrary.com

# 15 ਰੁੱਖ ਲਗਾਈਏ



ਆਉ ਮਿੱਤਰੋ! ਰੁੱਖ ਲਗਾਈਏ।
ਵਧਦੀ ਗਰਮੀ ਨੂੰ ਘਟਾਈਏ।
ਸਾਫ਼ ਹਵਾ ਵਿੱਚ ਸਾਹ ਜੇ ਲੈਣਾ।
ਰੁੱਖਾਂ ਨੂੰ ਤਾਂ ਫਿਰ ਸਾਂਭਣਾ ਪੈਣਾ।
ਸਭ ਪਾਸੇ ਹਰਿਆਲੀ ਵਧਾਈਏ।
ਫਲ, ਫੁੱਲ, ਲੱਕੜ ਤੇ ਛਾਂ ਦਿੰਦੇ ।
ਪੰਛੀਆਂ ਨੂੰ ਆਲ੍ਹਣੇ ਦੀ ਥਾਂ ਦਿੰਦੇ।
ਆਪਣੀ ਧਰਤੀ ਆਪ ਬਚਾਈਏ।



www.punjabilibrary.com

ਹਰ ਕੰਮ ਵਿੱਚ ਇਹ ਸਹਿਯੋਗੀ।
ਇਲਾਜ ਦੇ ਵਿੱਚ ਬੜੇ ਉਪਯੋਗੀ।
ਸਭ ਨੂੰ ਇਹ ਗੱਲ ਸਮਝਾਈਏ।
ਗਰਮੀ,ਸਰਦੀ ਰਹਿਣ ਹੰਢਾਉਂਦੇ।
ਗੰਧਲੀ ਹਵਾ ਨੂੰ ਸਾਫ਼ ਬਣਾਉਂਦੇ।
ਰੁੱਖਾਂ ਨਾਲ ਗੂੜ੍ਹੀਆਂ ਪ੍ਰੀਤਾਂ ਪਾਈਏ।
ਆਉ ਮਿੱਤਰੋ! ਰੁੱਖ ਲਗਾਈਏ।
ਵਧਦੀ ਗਰਮੀ ਤੋਂ ਰਾਹਤ ਪਾਈਏ।





www.punjabilibrary.com

# 16 ਨਾਨਕੇ ਘਰ



ਗਰਮੀ ਦੀਆਂ ਹੋਈਆਂ ਛੁੱਟੀਆਂ।
ਜਾਣਾ ਨਾਨਕੇ ਲੂਹਰੀਆਂ ਫੁੱਟੀਆਂ।
ਮੰਮੀ-ਪਾਪਾ ਜੀ ਸੁਣੋ ਗੱਲ ਮੇਰੀ।
ਨਾਨਕੇ ਚੱਲੀਏ ਨਾ ਲਾਉ ਦੇਰੀ।
ਸਕੂਲ ਦਾ ਕੰਮ ਕਰੂੰ ਉਥੇ ਜਾ ਕੇ।
ਕਰੂੰ ਪੜ੍ਹਾਈ ਪੂਰਾ ਮਨ ਲਾ ਕੇ।
ਨਾਨੀ ਮਾਂ ਬਾਤਾਂ ਬਹੁਤ ਸੁਣਾਉਂਦੇ।
ਨਾਨਾ ਜੀ ਮੈਨੂੰ ਖੂਬ ਘੁੰਮਾਉਂਦੇ।



www.punjabilibrary.com

ਕਦੀ ਨਾ ਕਰੂੰ ਕਿਸੇ ਨੂੰ ਤੰਗ।
ਮਾਮਾ ਜੀ ਸੰਗ ਉਡਾਊਂ ਪਤੰਗ।
ਮਾਮੀ ਜੀ ਬੜਾ ਲਾਡ ਲਡਾਉਂਦੇ।
ਖੀਰ-ਪੂੜੇ ਬਣਾ ਮੈਨੂੰ ਖਵਾਉਂਦੇ।
'ਗੁੱਗੂ','ਨਵੀ' ਨੂੰ ਖੇਡਾਂ ਖਿਡਾਊਂ।
ਕੋਲ ਬਿਠਾ ਕੇ ਕਿਤਾਬ ਪੜ੍ਹਾਊਂ।
ਮੰਮੀ ਪਾਪਾ ਦੇਰ ਨਾ ਲਾਓ।
ਨਾਨਕਿਆਂ ਦੇ ਮੈਨੂੰ ਲੈ ਜਾਓ।





www.punjabilibrary.com

# 17 ਸਾਕ–ਸੰਬੰਧੀ



ਮਾਤਾ–ਪਿਤਾ ਸਾਨੂੰ ਜੱਗ ਦਿਖਾਉਂਦੇ।
ਭੈਣ–ਭਰਾ ਸਾਨੂੰ ਰਹਿਣ ਖਿਡਾਉਂਦੇ।
ਪਿਤਾ ਦੇ ਮਾਪੇ ਦਾਦਾ–ਦਾਦੀ ਹੋਣ।
ਨਾਨਾ–ਨਾਨੀ ਮੰਮੀ ਦੇ ਮਾਪੇ ਕਹਾਉਣ।
ਵੱਡਾ ਭਰਾ ਪਿਤਾ ਦਾ ਲੱਗੇ ਤਾਇਆ।
ਛੋਟਾ ਭਰਾ ਮੇਰਾ ਚਾਚਾ ਅਖਵਾਇਆ।
ਭੂਆ ਮੇਰੀ ਹੁੰਦੀ ਪਿਤਾ ਦੀ ਭੈਣ।
ਮਾਸੀ, ਮੰਮੀ ਦੀ ਭੈਣ ਨੂੰ ਕਹਿਣ।
ਮਾਮਾ, ਮੰਮੀ ਦਾ ਭਰਾ ਅਖਵਾਇਆ।
ਸਾਲਾ ਕਹਿ ਪਿਤਾ ਨੇ ਬੁਲਾਇਆ।



www.punjabilibrary.com


ਵਿਆਹ ਪਿੱਛੋਂ ਮਾਪੇ ਬਣਦੇ ਸੱਸ-ਸਹੁਰਾ।
ਸਹੁਰੇ ਦੇ ਭਰਾ ਨੂੰ ਕਹਿੰਦੇ ਪਤਿਉਰਾ।
ਮੰਮੀ ਦੀ ਭੈਣ ਲੱਗੇ ਪਿਤਾ ਦੀ ਸਾਲੀ।
ਸਾਕਾਂ ਦੀ ਕੜੀ ਬੜੀ ਨਿਰਾਲੀ।
ਭੈਣ ਦਾ ਘਰਵਾਲਾ ਲੱਗਦਾ ਜੀਜਾ।
ਭਰਾ ਦਾ ਮੁੰਡਾ ਲੱਗੇ ਮੇਰਾ ਭਤੀਜਾ।
ਤਾਏ ਦੀ ਵਹੁਟੀ ਨੂੰ ਕਹਿੰਦੇ ਤਾਈ।
ਚਾਚੇ ਦੀ ਵਹੁਟੀ ਚਾਚੀ ਅਖਵਾਈ।
ਤਾਇਆ ਚਾਚੀ ਦਾ ਜੇਠ ਕਹਾਇਆ।
ਦਿਉਰ ਕਹਿ ਭਾਬੀ ਮੈਨੂੰ ਬੁਲਾਇਆ।
ਭਰਾ ਦੀ ਵਹੁਟੀ ਨੂੰ ਭਾਬੀ ਕਹੀਏ।
ਮਿਲ-ਜੁਲ ਕੇ ਪਰਿਵਾਰ 'ਚ ਰਹੀਏ।





www.punjabilibrary.com

# 18 ਪੇਂਡੂ ਖੇਡਾਂ



ਬੱਚਿਆਂ ਨੂੰ ਲੱਗੇ ਖੇਡ ਪਿਆਰੀ।
ਖੇਡਦੇ ਰਹਿਣ ਪੂਰੀ ਦਿਹਾੜੀ।
ਧਰਤੀ ਉੱਤੇ ਖ਼ਾਨੇ ਵਾਹ ਕੇ।
ਘੜੇ ਦੀ ਠੀਕਰੀ ਬਣਾ ਕੇ।
ਅੱਡੇ-ਖੱਡੇ ਦੀ ਖੇਡ ਨਿਆਰੀ।
ਗੋਲ ਚੱਕਰ ਵਿੱਚ ਬੱਚੇ ਬਿਠਾ ਕੇ।
ਚੁੰਨੀ ਦਾ ਫਿਰ ਕੋਟਲਾ ਬਣਾ ਕੇ।
ਕੋਟਲਾ-ਛਪਾਕੀ ਖੇਡਣ ਦੀ ਵਾਰੀ।
ਜੁੱਤੀਆਂ, ਚੱਪਲਾਂ ਲਉ ਉਤਾਰ।
ਬਾਂਦਰ-ਕੀਲਾ ਲਈ ਚੱਕਰ ਮਾਰ।
ਜ਼ੋਰ ਨਾਲ ਖਿੱਚ ਨਿਸ਼ਾਨਾ ਮਾਰੀਂ।



www.punjabilibrary.com

ਇੱਕ ਬੱਚਾ ਪੈਰਾਂ ਭਾਰ ਬਿਠਾ ਕੇ।
ਉਸਦੇ ਸਿਰ ਮੁੱਠੀਆਂ ਟਿਕਾ ਕੇ।
ਖੇਡ ਹੁੰਦੀ ਇਹ ਭੰਡਾ-ਭੰਡਾਰੀ।
ਪੱਥਰ, ਲਾਖ ਦੇ ਗੀਟੇ ਬਣਾ ਕੇ।
ਘਰ ਖੇਡੋ ਜਾਂ ਬਾਹਰ ਜਾ ਕੇ।
ਗੀਟੇ ਖੇਡ ਕੁੜੀਆਂ ਨੂੰ ਪਿਆਰੀ।
ਖੁੱਲ੍ਹੇ ਮੈਦਾਨ ਦੇ ਵਿੱਚ ਜਾ ਕੇ।
ਗੁੱਲੀ-ਡੰਡਾ ਖੇਡੋ ਟੋਲੀ ਬਣਾ ਕੇ।
ਟੁੱਲ ਜ਼ੋਰ ਨਾਲ ਤੂੰ ਮਾਰੀਂ।






www.punjabilibrary.com

# 19 ਪੰਛੀ






ਜੀਅ ਕਰਦਾ ਪੰਛੀ ਬਣ ਜਾਵਾਂ।
ਵਿੱਚ ਅਸਮਾਨੀਂ ਉਡਾਰੀ ਲਾਵਾਂ।
ਸੋਹਣੇ ਸੋਹਣੇ ਇਹਨਾਂ ਦੇ ਖੰਭ।
ਕੁਦਰਤ ਨੇ ਕਿਵੇਂ ਭਰੇ ਨੇ ਰੰਗ?
ਚਿੱਤ ਕਰੇ ਮੈਂ ਦੇਖੀ ਜਾਵਾਂ।
ਚੀਂ-ਚੀਂ ਕਰਦੀ ਚਿੜੀ ਕੁਝ ਕਹਿੰਦੀ।
ਦਾਣਾ ਦਾਣਾ ਇਹ ਚੁਗਦੀ ਰਹਿੰਦੀ।
ਆਲ੍ਹਣਾ ਇਹਨਾਂ ਲਈ ਮੈਂ ਬਣਾਵਾਂ।
ਕਬੂਤਰ ਲੱਗਦੇ ਬੜੇ ਪਿਆਰੇ।
ਗੁਟਗੂੰ, ਗੁਟਗੂੰ ਕਰਦੇ ਸਾਰੇ।
ਖੁਸ਼ੀ-ਖੁਸ਼ੀ ਮੈਂ ਦਾਣਾ ਪਾਵਾਂ।




www.punjabilibrary.com

ਰਾਸ਼ਟਰੀ ਪੰਛੀ ਸਾਡਾ ਹੈ ਮੋਰ।
ਮਟਕ ਮਟਕ ਕੇ ਤੁਰਦਾ ਤੋਰ।
ਪੈਲ ਪਾਉਂਦੇ ਨੂੰ ਦੇਖੀਂ ਜਾਵਾਂ।



ਕੁੱਕੜ ਵੀ ਪੰਛੀਆਂ ਵਿੱਚ ਆਉਂਦਾ।
ਭਾਰਾ ਏਨਾ, ਉੱਡ ਨਾ ਪਾਉਂਦਾ।
ਕੁੜ-ਕੁੜ ਮੈਂ ਸਾਂਗ ਲਗਾਵਾਂ।





ਚਲਾਕ ਪੰਛੀ ਕਾਂ ਕਹਾਵੇ।
ਕੂ-ਕੂ ਕਰਕੇ ਕੋਇਲ ਗਾਵੇ।
ਪੰਛੀਆਂ ਸੰਗ ਦੋਸਤੀ ਮੈਂ ਪਾਵਾਂ।



www.punjabilibrary.com

# 20 ਪਾਣੀ



ਸਭ ਦੀ ਪਿਆਸ ਬੁਝਾਉਂਦਾ ਪਾਣੀ।
ਇਹ ਮੁੱਕਿਆ ਤਾਂ ਖਤਮ ਕਹਾਣੀ।
ਸਭ ਜੀਵਾਂ ਨੂੰ ਪਾਲਣਹਾਰਾ।
ਪਿਤਾ ਵਾਂਗੂੰ ਦੇਵੇ ਸਹਾਰਾ।
ਸਭ ਨੂੰ ਵਾਧੇ ਪਾਉਂਦਾ ਪਾਣੀ।
ਧਰਤੀ ਹੇਠੋਂ ਜਾਵੇ ਇਹ ਮੁੱਕਦਾ।
ਬਿਨ ਪਾਣੀ ਸਭ ਜਾਊ ਸੁੱਕਦਾ।
ਦੁਨੀਆਂ ਸਾਰੀ ਚਲਾਉਂਦਾ ਪਾਣੀ।



www.punjabilibrary.com

ਇਹ ਸਾਡੇ ਜੀਵਨ ਦਾ ਆਧਾਰ।

ਇਸ ਬਾਝੋਂ ਸਭ ਕੁੱਝ ਬੇਕਾਰ।

ਪਾਣੀ ਸੰਗ ਵੱਸੇ ਕੁਦਰਤ ਰਾਣੀ।


ਪਾਣੀ ਦੀ ਦਾਤ ਰਲ ਬਚਾਈਏ।

ਵਿਅਰਥ ਇਸਨੂੰ ਨਾ ਗਵਾਈਏ।

ਸਾਰੀ ਦੁਨੀਆਂ ਵਸਾਉਂਦਾ ਪਾਣੀ।



# 21 ਚਿੜੀ-ਕਾਂ



ਚਿੜੀ ਕਾਂ ਦੀ ਹੋਈ ਲੜਾਈ।
ਚਿੜੀ ਨੇ ਸਾਰੀ ਖਿਚੜੀ ਖਾਈ।
ਦੋਹਾਂ ਰਲ ਕੇ ਸੀ ਬਣਾਈ।
ਮਹਿਕ ਦੂਰ ਤੱਕ ਸੀ ਆਈ।
ਚੌਲ ਚਿੜੀ ਲੈ ਕੇ ਸੀ ਆਈ।
ਕਾਂ ਨੇ ਦਾਲ ਵਿੱਚ ਸੀ ਪਾਈ।
ਖਿਚੜੀ ਬਣੀ ਵਿੱਚ ਕੁਝ ਪਲ।
ਪਾਣੀ ਪੀਣ ਕਾਂ ਗਿਆ ਖੂਹ ਵੱਲ।
ਪਾਣੀ ਪੀ ਜਦ ਕਾਂ ਮੁੜ ਆਇਆ।
ਭਾਂਡਾ ਖਿਚੜੀ ਦਾ ਖਾਲੀ ਪਾਇਆ।
ਗੁੱਸਾ ਕਾਂ ਨੂੰ ਬੜਾ ਹੀ ਆਇਆ।
ਭੁੱਖ ਨੇ ਉਸ ਨੂੰ ਬੜਾ ਸਤਾਇਆ।



www.punjabilibrary.com

ਡਰਦੀ ਮਾਰੀ ਚਿੜੀ ਲੁਕ ਗਈ।
ਕਾਂ ਨੂੰ ਕਿਧਰੇ ਨਜ਼ਰੀਂ ਨਾ ਪਈ।
ਚਿੜੀ ਲੁਕੀ ਤਵੇ ਦੇ ਓਹਲੇ।
ਕਾਂ ਕੋਲ ਪਹੁੰਚਾ ਹੌਲੇ-ਹੌਲੇ।
ਤੱਤਾ ਚਿਮਟਾ ਚਿੜੀ ਦੇ ਲਾਇਆ।
ਸੀ-ਸੀ ਕਰ ਉਸ ਰੌਲਾ ਪਾਇਆ।
ਹਾਏ-ਹਾਏ! ਮੇਰਾ ਪੌਂਚਾ ਸੜਿਆ।
ਮੇਰੇ ਨਾਲ ਕਾਂ ਹੈ ਲੜਿਆ।
ਚਿੜੀ ਨੇ ਕਾਂ ਤੋਂ ਮਾਫ਼ੀ ਮੰਗੀ।
ਵੰਡ ਕੇ ਖਾਈਏ ਗੱਲ ਹੈ ਚੰਗੀ।





www.punjabilibrary.com



**ਅਮਰਪ੍ਰੀਤ ਸਿੰਘ ਝੀਤਾ** ਦੀ 21 ਬਾਲ ਗੀਤਾਂ ਨਾਲ ਸ਼ਿੰਗਾਰੀ ਪੁਸਤਕ "**ਪੰਖੇਰੂ**" ਉਹਨਾਂ ਵੱਲੋਂ ਬੱਚਿਆਂ ਲਈ ਲਿਖੀ ਪਹਿਲੀ ਪੁਸਤਕ "**ਬੀਬੇ ਰਾਣੇ**" ਦੀ ਤਰ੍ਹਾਂ ਛੰਦ-ਬੱਧ, ਰੌਚਕ, ਠੇਠ ਬੋਲੀ ਅਤੇ ਬੱਚਿਆਂ ਦੇ ਸਮਝ ਆਉਣ ਵਾਲੀ ਸਰਲ ਸ਼ਬਦਾਵਲੀ ਵਿੱਚ ਲਿਖੀ ਗਈ ਹੈ। ਇਸ ਵਿਚਲੇ ਸਾਰੇ ਬਾਲ ਗੀਤ ਬੜੀ ਮਿਹਨਤ ਅਤੇ ਰੀਝਾਂ ਨਾਲ ਨਿੱਠ ਕੇ ਸਿਰਜੇ ਗਏ ਹਨ ਤੇ ਬੱਚਿਆਂ ਨੂੰ ਵਧੀਆ ਸੰਦੇਸ਼ ਦੇਣ ਵਾਲੇ ਹਨ। ਸੱਚੇ ਲੋਕ-ਸੇਵਕ ਵਾਂਗੂੰ ਕੰਮ ਕਰਨ ਦੀ ਤਾਂਘ, ਲਗਨ, ਸੂਝਬੂਝ ਤੇ ਜੁਗਤ ਇਨ੍ਹਾਂ ਦੇ ਦਿਲ ਵਿੱਚ ਘਰ ਕਰ ਚੁੱਕੀ ਹੈ। ਬੱਚਿਆਂ ਦੇ ਪੱਧਰ 'ਤੇ ਆ ਕੇ ਲਿਖਣਾ ਹਰ ਲੇਖਕ ਲਈ ਬਹੁਤ ਔਖਾ ਕਾਰਜ ਹੁੰਦਾ ਹੈ। ਆਪਣੇ ਬਚਪਨ ਨੂੰ ਆਪਣੇ ਅੰਦਰ ਇੰਨ-ਬਿੰਨ ਸੰਭਾਲ ਕੇ ਰੱਖਣਾ ਪੈਂਦਾ ਹੈ ਤਾਂ ਜਾ ਕੇ ਬੱਚਿਆਂ ਵਾਸਤੇ ਕੁਝ ਲਿਖ ਹੁੰਦਾ ਹੈ।

ਅਮਰਪ੍ਰੀਤ ਸਿੰਘ ਝੀਤਾ ਨੇ ਇਸ ਬਾਲ ਪੁਸਤਕ ਵਿੱਚ ਸਾਈਕਲ, ਸਫ਼ਾਈ, ਸ਼ਹਿਦ ਦੀ ਮੱਖੀ, ਪੇਂਡੂ ਖੇਡਾਂ, ਆਵਾਜਾਈ ਦੇ ਚਿੰਨ੍ਹਾਂ, ਪੰਛੀਆਂ, ਸਾਕ-ਸੰਬੰਧੀਆਂ, ਰੁੱਖਾਂ ਦੀ ਮਹੱਤਤਾ ਅਤੇ ਪਾਣੀ ਦੀ ਸੰਭਾਲ ਆਦਿ ਵੱਖ-ਵੱਖ ਵਿਸ਼ਿਆਂ 'ਤੇ ਬਾਲ ਗੀਤਾਂ ਦੀ ਰਚਨਾ ਕਰਨ ਸਮੇਂ ਬੱਚਿਆਂ ਦੇ ਮਾਨਸਿਕ ਪੱਧਰ ਦਾ ਪੂਰਾ ਖ਼ਿਆਲ ਰੱਖਿਆ ਹੈ। ਬੜੇ ਪਿਆਰ, ਸਹਿਜਤਾ, ਠਰ੍ਹੰਮੇ ਤੇ ਮੋਹ ਭਿੱਜੇ ਬੋਲਾਂ ਨਾਲ, ਮੱਧਮ ਆਵਾਜ਼ ਵਿੱਚ ਗੱਲਾਂ ਕਰਨ ਵਾਲੇ ਮੇਰੇ ਇਸ ਨਵੇਂ ਬਣੇ ਸੁਹਿਰਦ ਮਿੱਤਰ ਨੇ ਆਪਣੀਆਂ ਕਾਵਿ ਰਚਨਾਵਾਂ ਰਾਹੀਂ ਘਰ-ਘਰ ਲੋਅ ਤੇ ਗਿਆਨ ਦਾ ਚਾਨਣ ਵੰਡਣਾ ਆਪਣਾ ਧਰਮ ਬਣਾਇਆ ਹੋਇਆ ਹੈ। ਇਸ ਮਿਹਨਤੀ ਅਧਿਆਪਕ-ਲੇਖਕ ਨੇ ਕਿਤਾਬ ਛਾਪਣ ਦੇ ਸਾਰੇ ਕੰਮ ਨੂੰ ਬੜੀ ਜ਼ਿੰਦਾਦਿਲੀ, ਦੂਰ-ਅੰਦੇਸ਼ੀ ਤੇ ਸਿਆਣਪ ਨਾਲ ਸਿਰੇ ਚੜ੍ਹਾਇਆ ਹੈ। ਉਹਨਾਂ ਦੇ ਬਾਲ ਗੀਤਾਂ ਵਿੱਚੋਂ ਲੇਖਕ ਦੀ ਪ੍ਰਤਿਭਾ, ਸਾਊਪੁਣਾ, ਦਾਨਸ਼ਮੰਦੀ, ਹਿੰਮਤ, ਸਿਰੜ, ਚੰਗੀ ਸੋਚ ਤੇ ਉੱਦਮ ਦੇ ਝਲਕਾਰੇ ਸਾਫ਼ ਨਜ਼ਰੀਂ ਪੈਂਦੇ ਹਨ।

ਮੈਨੂੰ ਏਥੇ ਇਹ ਲਿਖਣ ਵਿੱਚ ਕੋਈ ਝਿਜਕ ਨਹੀਂ ਕਿ ਅਮਰਪ੍ਰੀਤ ਸਿੰਘ ਝੀਤਾ ਵੱਲੋਂ ਰਚੀ ਇਹ ਬਾਲ ਪੁਸਤਕ "ਪੰਖੇਰੂ" ਹਰ ਇੱਕ ਲਈ ਪੜ੍ਹਨ ਦੇ ਨਾਲ-ਨਾਲ ਸਾਂਭਣਯੋਗ, ਅਨਮੋਲ ਤੇ ਅਨੂਠਾ ਤੋਹਫ਼ਾ ਸਾਬਿਤ ਹੋਵੇਗੀ। ਅਧਿਆਪਨ ਕਾਰਜ ਦੇ ਨਾਲ-ਨਾਲ ਸਾਹਿਤਕ ਸਰਗਰਮੀਆਂ ਵਿੱਚ ਸ਼ਿਰਕਤ ਕਰਨੀ ਉਨ੍ਹਾਂ ਦਾ ਸ਼ਲਾਘਾ ਭਰਿਆ ਵਧੀਆ ਉਪਰਾਲਾ ਹੈ। ਸਾਰੇ ਬਾਲ ਗੀਤ ਬੱਚਿਆਂ ਨੂੰ ਅੱਗੇ ਵਧਣ ਅਤੇ ਜ਼ਿੰਦਗੀ ਵਿੱਚ ਕੁਝ ਕਰਨ ਲਈ ਪ੍ਰੇਰਨਾ ਤੇ ਸੇਧ ਦੇਣ ਵਾਲੇ ਹਨ। ਇਸ ਕਿਤਾਬ ਬਾਰੇ ਕੁਝ ਸ਼ਬਦ ਮੇਰੇ ਕੋਲੋਂ ਲਿਖਵਾ ਕੇ ਅਮਰਪ੍ਰੀਤ ਸਿੰਘ ਝੀਤਾ ਨੇ ਮੇਰਾ ਜੋ ਮਾਣ-ਤਾਣ ਵਧਾਇਆ ਹੈ, ਇਸ ਲਈ ਮੈਂ ਉਹਨਾਂ ਦਾ ਬਹੁਤ ਧੰਨਵਾਦ ਕਰਦਾ ਹਾਂ। ਇਸ ਪੁਸਤਕ ਬਾਰੇ ਲੇਖਕ ਨੂੰ ਰਾਏ ਜ਼ਰੂਰ ਘੱਲਿਓ, ਭੁੱਲਿਓ ਨਾ! ਹੋਰ ਮਿਆਰੀ ਰਚਨਾਵਾਂ ਲਿਖਣ ਲਈ ਲੇਖਕ ਦਾ ਹੌਸਲਾ ਵਧੇਗਾ।



**ਆਤਮਾ ਸਿੰਘ ਚਿੱਟੀ**
**ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ**
**ਫ਼ੋਨ: 0181-2796427**

www.punjabilibrary.com